ADDL. CHIEF ADMINISTRATOR-CUM-ELECTORAL REGISTRATION OFFICER
-093-BATHINDA(RURAL)(SC), Zila Parshid Bhawan, 2nd Floor,
Cabin No.213-214 BATHINDA
Phone/Fax No. 0164-2241949
email:: erobathindarural93@gmail.com

ਜ਼ਿੰਮੇਵਾਰ ਬਣੋ, ਵੋਟਰ ਬਣੋ

ਜ਼ਿੰਮੇਵਾਰ ਬਣੋ, ਵੋਟਰ ਬਣੋ

ਨੰਬਰ ਚਸ/2022/ 314

ਮਿਤੀ 1/12/22

ਵੱਲ

1 ਜ਼ਿਲਾ ਸਿੱਖਿਆ ਅਫਸਰ(ਸੈਕੰਡਰੀ) ਬਠਿੰਡਾ।
2 ਜ਼ਿਲਾ ਸਿੱਖਿਆ ਅਫਸਰ(ਐਲੀ ਸਿ)ਬਠਿੰਡਾ।
3 ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ, ਬਠਿੰਡਾ।
4 ਕੈਂਪਸ ਡਾਇਰੈਕਟਰ, ਪੀ ਟੀ ਯੂ ਗਿਆਨੀ ਜ਼ੈਲ ਸਿੰਘ ਇੰਜਨੀਅਰਿੰਗ,ਬਠਿੰਡਾ
5 ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ , ਸੰਗਤ, ਗੋਨਿਆਣਾ ਤੇ ਫੂਲ
6 ਕਾਰਜਕਾਰੀ ਇੰਜਨੀਅਰ, ਪੰਜਾਬ ਵ/ਸ ਐਂਡ ਸੈਨੀਟੇਸ਼ਨ ਡਵੀਜਨ ਨੰਬਰ 1,2 ਅਤੇ 3 ਬਠਿੰਡਾ
7 ਡਵੀਜਨਲ ਇੰਜਨੀਅਰ, ਪੀ ਐਸ ਟੀ ਸੀ ਡਵੀਜਨ ਨੰਬਰ 7 ਅਤੇ 8 ਬਠਿੰਡਾ।
8 ਕਾਰਜਕਾਰੀ ਇੰਜਨੀਅਰ, ਲੋਕ ਨਿਰਮਾਣ ਵਿਭਾਗ( ਭ ਤੇ ਸ) ਉਸਾਰੀ ਮੰਡਲ ਨੰਬਰ 1 ਬਠਿੰਡਾ
9 ਕਾਰਜਕਾਰੀ ਇੰਜਨੀਅਰ, ਲੋਕ ਨਿਰਮਾਣ ਵਿਭਾਗ( ਭ ਤੇ ਸ) ਮਕੈਨੀਕਲ ਡਵੀਜਨ ਬਠਿੰਡਾ
10 ਪ੍ਰਿੰਸੀਪਲ, ਡਾਈਟ ਦਿਉਣ
11 ਮੁਖ ਖੇਤੀਬਾੜੀ ਅਫਸਰ, ਬਠਿੰਡਾ।
12 ਸੀਨੀਅਰ ਮੈਡੀਕਲ ਅਫਸਰ ਸੰਗਤ , ਤਲਵੰਡੀ ਸਾਬੋ ਅਤੇ ਗੋਨਿਆਣਾ ਮੰਡੀ।
13 ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਬਠਿੰਡਾ।
14 ਕਾਰਜਕਾਰੀ ਇੰਜਨੀਅਰ, ਬਠਿੰਡਾ ਨਹਿਰ ਮੰਡਲ ਬਠਿੰਡਾ
15 ਸੀਨੀਅਰ ਐਨਾਲਿਸਟ, ਭੂਮੀ ਪ੍ਰਯੋਗਸਾਲਾ, ਬਠਿੰਡਾ।
16 ਡਿਪਟੀ ਡਾਇਰੈਕਟਰ, ਸਥਾਨਿਕ ਸਰਕਾਰ, ਬਠਿੰਡਾ
17 ਕਾਰਜ ਸਾਧਕ ਅਫਸਰ, ਨਗਰ ਕੌਸਲ ਸੰਗਤ
18 ਕਾਰਜਕਾਰੀ ਇੰਜਨੀਅਰ, ਪੰਜਾਬ ਮੰਡੀ ਬੋਰਡ, ਬਠਿੰਡਾ
19 ਸਕੱਤਰ ਮਾਰਕੀਟ ਕਮੇਟੀ ਗੋਨਿਆਣਾ।
20 ਡਾਇਰੈਕਟਰ ਰਿਸਰਚ ਸੈਂਟਰ, ਪੀ ਏ ਯੂ ਬਠਿੰਡਾ।
21 ਨਿਗਰਾਨ ਇੰਜਨੀਅਰ, ਪੰਜਾਬ ਵ/ਸ ਐਂਡ ਸੈਨੀਟੇਸ਼ਨ ਸਰਕਲ।ਬਠਿੰਡਾ
22 ਪ੍ਰਿੰਸੀਪਲ, ਆਈ ਟੀ ਆਈ ਬਠਿੰਡਾ।
23 ਸਮੂਹ ਸੁਪਰਵਾਈਜਰ 093 ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ।

**ਵਿਸ਼ਾ:** ਮਿਤੀ 1-1-2023 ਨੂੰ ਯੋਗਤਾ ਮਿਤੀ ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸੁਧਾਈ।

ਉਪਰੋਕਤ ਵਿਸੇ ਤੇ ਭਾਰਤ ਚੋਣ ਕਮਿਸਨ, ਨਵੀ ਦਿਲੀ ਅਤੇ ਮੁੱਖ ਚੋਣ ਅਫਸ,ਪੰਜਾਬ ਦੇ ਪਤਰ ਨੰਬਰ ਚੋਣ62022/401,ਮਿਤੀ 26-7-2022 ਦੀਆਂ ਹਦਾਇਤਾਂ ਅਨੁਸਾਰ ਮਿਤੀ 1-1-2023 ਨੂੰ ਯੋਗਤਾ ਮਿਤੀ ਦੇ ਆਧਾਰ ਤੇ 093 ਬਠਿੰਡਾ(ਦਿਹਾਤੀ) ਵਿਧਾਨ ਸਭਾ ਹਲਕੇ ਲਈ ਮਿਤੀ 04-08-2022 ਤੋ ਬੀ ਐਲ ਓਜ਼ ਵਲੋ ਘਰ-ਘਰ ਵਿਜਟ ਕਰਕੇ ਵੋਟਰ ਸੂਚੀ ਨੂੰ ਗਰੁੜ ਐਪ 'ਤੇ ਆਧਾਰ ਕਾਰਡ ਨਾਲ ਲਿੰਕ ਕੀਤਾ ਜਾਣਾ ਹੈ।

ਇਸ ਤੋਂ ਇਲਾਵਾ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2023 ਨੂੰ ਯੋਗਤਾ ਦੇ ਅਧਾਰ ਤੇ ਜਿਨਾ ਵੋਟਰਾਂ ਦੀ ਮਿਤੀ 01.04.2023, 01.07.2023 ਅਤੇ 01.10.2023 ਨੂੰ 18 ਸਾਲ ਦੀ ਉਮਰ ਹੋ ਗਈ ਹੋਵੇ ਉਹ ਵੋਟਰ ਆਪਣਾ ਨਾਮ ਵੋਟਰ ਸੂਚੀ ਵਿਚ ਦਰਜ ਕਰਨ ਲਈ ਫਾਰਮ ਨੰਬਰ 6 ਅਪਲਾਈ ਕਰ ਸਕਦਾ ਹੈ। ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਵੀਜਨ ਦਾ ਕੰਮ ਵੀ ਮਿਤੀ 09.11.22 ਤੋਂ ਲੈ ਕੇ 08.12.22 ਤੱਕ ਸੁਰੂ ਹੋ ਰਿਹਾ ਹੈ। ਜਿਸ ਦੌਰਾਨ ਸਮੂਹ ਬੀ.ਐਲ.ਓ ਵੱਲੋਂ ਮਿਤੀ 03.12.2022 ਅਤੇ 04.12.2022 ਨੂੰ ਆਪੋ ਆਪਣੇ ਪੋਲਿੰਗ ਬੂਥਾਂ ਤੇ ਬੈਠ ਕੇ ਵੋਟਰਾਂ ਤੋਂ ਦਾਅਵੇ ਅਤੇ ਇਤਰਾਜ ਲਏ ਜਾਣੇ ਹਨ।

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀ, ਜਿਨਾਂ ਦੀ ਇਸ ਵਿਧਾਨ ਸਭਾ ਹਲਕੇ ਵਿਚ ਬਤੌਰ ਬੀ ਐਲ ਓ ਡਿਊਟੀ ਲੱਗੀ ਹੋਈ ਹੈ, ਨੂੰ ਲਿਖਤੀ ਰੂਪ ਵਿਚ ਹਦਾਇਤ ਕੀਤੀ ਜਾਵੇ ਕਿ ਉਹ ਉਕਤ ਮਿਤੀਆਂ ਨੂੰ ਪੋਲਿੰਗ ਬੂਥਾਂ ਤੇ ਬੈਠ ਕੇ ਵੋਟਰਾਂ ਤੋਂ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਅਤੇ ਇਸ ਕੰਮ ਦੇ ਨਾਲ ਨਾਲ ਜੋ ਵੋਟਰਾਂ ਨਾਲ ਅਧਾਰ ਲਿੰਕ ਦਾ ਕੰਮ ਚੱਲ ਰਿਹਾ ਹੈ ਉਹ ਪਹਿਲਾਂ ਵਾਂਗ ਹੀ ਮਿਤੀ 31.12.2022 ਤੱਕ ਜਾਰੀ ਰਹੇਗਾ।

ਸੋ ਉਪਰੋਕਤ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਅਧੀਨ ਕੰਮ ਕਰ ਰਹੇ ਕਰਮਚਾਰੀ ਜਿਨ੍ਹਾ ਦੀ ਬਤੌਰ ਬੀ.ਐਲ.ਓ ਡਿਊਟੀ ਲੱਗੀ ਹੈ, ਨੂੰ ਮਿਤੀ 31.12.2022 ਤੱਕ ਹਰ ਹਫਤੇ ਵੀਰਵਾਰ ਅਤੇ ਸ਼ੁਕਰਵਾਰ ਚੋਣ ਡਿਊਟੀ ਦੇ ਕੰਮਾਂ ਲਈ ਦਫਤਰੀ ਕੰਮ ਤੋਂ ਫਾਰਗ ਕੀਤਾ ਜਾਵੇ ਅਤੇ ਇਸ ਸਬੰਧੀ ਹਦਾਇਤਾਂ ਸਮੂਹ ਸਕੂਲਾਂ ਦੇ ਮੁੱਖੀਆਂ ਨੂੰ ਪਾਲਣ ਹਿਤ ਤੁਰੰਤ ਭੇਜੀਆਂ ਜਾਣ, ਤਾਂ ਜੋ ਵੋਟਰ ਲਿੰਕ ਅਧਾਰ ਕਾਰਡ ਅਤੇ ਵੋਟਰ ਸੂਚੀਆਂ ਦਾ ਕੰਮ ਨਿਰਵਿਘਣ ਮੁਕੰਮਲ ਕੀਤਾ ਜਾ ਸਕੇ।

ਇਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਕਿਸੇ ਕਿਸਮ ਦੀ ਕੁਤਾਹੀ ਕਰਨ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਜਾਵੇਗੀ।

ਚੋਣਕਾਰ ਰਜਿਸਟਰੇਸ਼ਨ ਅਫਸਰ
93-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ

ਪਿਠਅੰਕਣ ਨੰਬਰ ਚਸ/2022/ 315 ਮਿਤੀ 1/12/22

ਇਸ ਦਾ ਇਕ ਉਤਾਰਾ ਜਿਲਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪੱਤਰ ਨੰ: ਸੀ4/1(1)2022/169
ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ [illegible] ਸਿੱਖਿਆ ਬਠਿੰਡਾ
ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ
93-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ

Scanned with CamScanner